**ਪੰਜਾਬ ਸਰਕਾਰ**

**ਆਮ ਰਾਜ ਪ੍ਰਬੰਧ ਵਿਭਾਗ**

**(ਪ੍ਰਸ਼ਾਸਕੀ ਅਫਸਰ-1 ਸ਼ਾਖਾ)**

**ਵਿਸ਼ਾ: ਪੰਜਾਬ ਸਿਵਲ ਸਕੱਤਰੇਤ ਵਿਖੇ ਟਰਨਸਟਾਇਲ ਟ੍ਰਾਈਪੋਡ ਐਂਟਰੀ ਸਿਸਟਮ ਲਈ ਨਵੇਂ ਆਈਡੀ ਕਾਰਡ ਜਾਰੀ ਕਰਨ ਸਬੰਧੀ।**

****

ਉਪਰੋਕਤ ਵਿਸ਼ੇ ਤੇ ਇਸ ਸ਼ਾਖਾ ਵੱਲੋਂ ਜਾਰੀ ਪੱਤਰ ਨੰ GAD-ADO10ID/146/2024-2 ADO1/ ਮਿਤੀ 19.09.2025 ਦੀ ਲਗਾਤਾਰਤਾ ਵਿੱਚ।

2. ਪੰਜਾਬ ਸਿਵਲ ਸਕੱਤਰੇਤ ਵਿਖੇ ਟਰਨਸਟਾਇਲ ਟ੍ਰਾਈਪੋਡ ਐਂਟਰੀ ਸਿਸਟਮ ਲਾਗੂ ਕੀਤਾ ਗਿਆ ਹੈ, ਜਿਸ ਦੀ ਵਰਤੋਂ ਲਈ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਨਵਾਂ ਆਰ.ਐਫ.ਆਈ.ਡੀ ਕਾਰਡ ਜਾਰੀ ਕਰ ਦਿੱਤਾ ਗਿਆ ਹੈ। ਜੇਕਰ ਕਿਸੇ ਕਰਮਚਾਰੀ ਨੂੰ ਆਪਣਾ ਨਵਾ ਕਾਰਡ ਨਹੀਂ ਮਿਲਿਆ ਜਾਂ ਪ੍ਰਾਪਤ ਨਹੀ ਹੋਇਆ ਤਾਂ ਉਹ ਪ੍ਰਸ਼ਾਸਕੀ ਅਫਸਰ-1 ਸ਼ਾਖਾ ਵਿੱਚੋਂ ਅੱਜ ਹੀ ਪ੍ਰਾਪਤ ਕੀਤਾ ਜਾਵੇ ਨਾ ਪ੍ਰਾਪਤ ਕਰਨ ਦੀ ਸੂਰਤ ਵਿੱਚ ਨਿਰੋਲ ਜਿਮੇਵਾਰੀ ਸਬੰਧਤ ਅਧਿਕਾਰੀ/ਕਰਮਚਾਰੀ ਦੀ ਹੋਵੇਗੀ।

3. ਉਕਤ ਐਂਟਰੀ ਸਿਸਟਮ ਲਾਗੂ ਹੋਣ ਦੇ ਮੱਦੇਨਜ਼ਰ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਨਵੇਂ ਜਾਰੀ ਹੋਏ ਆਰ.ਐਫ.ਆਈ.ਡੀ. ਕਾਰਡ ਦੀ ਵਰਤੋਂ ਕਰਦੇ ਹੋਏ ਟਰਨਸਟਾਇਲ ਟ੍ਰਾਈਪੋਡ ਐਂਟਰੀ ਸਿਸਟਮ ਰਾਹੀਂ ਹੀ ਪੰਜਾਬ ਸਿਵਲ ਸਕੱਤਰੇਤ 1 ਅਤੇ 2 ਵਿੱਚ ਦਾਖਲ ਹੋਣਾ ਅਤੇ ਬਾਹਰ ਜਾਣਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ, ਨਵੇਂ ਕਾਰਡਾਂ ਦੇ ਜਾਰੀ ਹੋਣ ਤੋਂ ਪਹਿਲਾਂ ਜੋ ਸੁਰੱਖਿਆ ਪ੍ਰੋਟੋਕੋਲ ਲਾਗੂ ਸੀ, ਉਹ ਪ੍ਰਕ੍ਰਿਆ ਉਸੇ ਤਰ੍ਹਾਂ ਲਾਗੂ ਰਹੇਗੀ ।

4. ਸਮੂਹ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਇਨ੍ਹਾ ਆਦੇਸ਼ਾਂ ਦੀ ਇਨ੍ਹ-ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ।

25/09

ਪ੍ਰਸ਼ਾਸਕੀ ਅਫਸਰ-1
Administrative Officer
Punjab Civil Secretariat
Chandigarh.

ਸੇਵਾ ਵਿਖੇ,

ਸਮੂਹ ਅਧਿਕਾਰੀ ਅਤੇ ਕਰਮਚਾਰੀ, ਪੰਜਾਬ ਸਰਕਾਰ
ਪੰਜਾਬ ਸਿਵਲ ਸਕੱਤਰੇਤ 1 ਅਤੇ 2,
ਚੰਡੀਗੜ੍ਹ।

ਅੰ:ਵਿ:ਪੱ:ਨੰ: GAD-ADO10ID/146/2024-2 ADO1/ 8046 ਮਿਤੀ: 25/9/25